ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਰਨਾਲਾ
ਬਰਨਾਲਾ ਨਾਲ ਸਬੰਧਤ ਵਿਦੇਸ਼ਾਂ ਵਿੱਚ ਫਸੇ ਨਾਗਰਿਕ ਈਮੇਲ ਪਤੇ ’ਤੇ ਵੀ ਭੇਜ ਸਕਦੇ ਹਨ ਵੇਰਵੇ
* ਗੂਗਲ ਫਾਰਮ ਉਤੇ ਵੀ ਜਾਣਕਾਰੀ ਅਪਲੋਡ ਕਰਨ ਦੀ ਸਹੂਲਤ

ਬਰਨਾਲਾ, 26 ਅਪਰੈਲ
ਕੋਰੋਨਾ ਵਾਇਰਸ ਕਾਰਨ ਸਾਰੀਆਂ ਵਿਦੇਸ਼ੀ ਉਡਾਨਾਂ ਬੰਦ ਹੋਣ ਕਾਰਨ ਵੱਡੀ ਗਿਣਤੀ ਵਿੱਚ ਵਿਦੇਸ਼ ਵਿੱਚ ਕੰਮ ਕਰ ਰਹੇ ਪੰਜਾਬੀ ਨਾਗਰਿਕ ਅਤੇ ਵੱਖ ਵੱਖ ਦੇਸ਼ਾਂ ਵਿੱਚ ਕਾਲਜ ਅਤੇ ਯੂਨੀਵਰਸਿਟੀਆਂ ਵਿੱਚ ਉਚ ਵਿਦਿਆ ਪ੍ਰਾਪਤ ਕਰ ਰਹੇ ਭਾਰਤੀ ਵਿਦਿਆਰਥੀ ਬਾਹਰਲੇ ਦੇਸ਼ਾਂ ਵਿਚ ਫਸ ਗਏ ਸਨ। ਇਸ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਰਨਾਲਾ ਨਾਲ ਸਬੰਧਤ ਨਾਗਰਿਕਾਂ ਦੇ ਵੇਰਵੇ ਸੂਬਾਈ ਪੱਧਰ ’ਤੇ ਭੇਜੇ ਜਾਣੇ ਹਨ। ਇਹ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਮੈਜਿਸਟ੍ਰੇਟ ਬਰਨਾਲਾ ਨੇ ਦੱਸਿਆ ਕਿ ਸਬੰਧਤ ਨਾਗਰਿਕ ਆਪਣੇ ਵੇਰਵੇ ਕੰਟਰੋਲ ਰੂਮ ਨੰਬਰ 01679-230032 ਅਤੇ 99152-74032 (ਵਟਸਐਪ ਨੰਬਰ) ’ਤੇ ਮਿਤੀ 29 ਅਪਰੈਲ ਤੱਕ ਦਰਜ ਕਰਾਉਣ ਤੋਂ
ਇਲਾਵਾ controlroomcovid19bnl20gmail.com ’ਤੇ ਵੀ ਵੇਰਵੇ ਭੇਜ ਸਕਦੇ ਹਨ। ਇਸ ਤੋਂ ਇਲਾਵਾ ਆਪਣੀ ਸੂਚਨਾ ਗੂਗਲ ਫਾਰਮ https://barnala.gov.in/new-initiatives/online-form-for-indian-citizens ’ਤੇ ਖ਼ੁਦ ਵੀ ਅਪਲੋਡ ਕਰ ਸਕਦੇ ਹਨ। ਇਨ੍ਹਾਂ ਵੇਰਵਿਆਂ ਵਿਚ ਨਾਗਰਿਕ ਦਾ ਈਮੇਲ ਪਤਾ, ਨਾਗਰਿਕ ਦਾ ਨਾਮ, ਪਿਤਾ ਦਾ ਨਾਮ, ਮੌਜੂਦਾ ਮੋਬਾਈਲ ਨੰਬਰ, ਵਿਦੇਸ਼ ਵਿੱਚ ਮੌਜੂਦਾ ਪਤਾ, ਬਰਨਾਲਾ ਵਿਚ ਮੌਜੂਦਾ ਪਤਾ, ਪਾਸਪੋਰਟ ਨੰਬਰ, ਫੈਮਿਲੀ ਕੇਸ ਵਿਚ ਪਰਿਵਾਰ ਦੇ ਨਾਲ ਆਉਣ ਵਾਲੇ ਮੈਂਬਰਾਂ ਦੀ ਗਿਣਤੀ ਤੇ ਪੰਜਾਬ ਵਿਚ ਨੇੜਲੇ ਹਵਾਈ ਅੱਡੇ ਦਾ ਨਾਮ ਦਰਜ ਕਰਾਇਆ ਜਾਵੇ।